ਪੰਜਾਬ ਸਟੇਟ ਪਾਵਰ ਕਾਰਪੋ.ਲਿਮ.
(ਦਫਤਰ ਚੀਫ/ਆਈ.ਆਰ ਅਤੇ ਭਲਾਈ (ਭਲਾਈ ਭਾਗ ),ਪਟਿਆਲਾ)

ਵੱਲ

ਸਾਰੇ ਜਨਰਲ ਮੈਨੇਜਰ,
ਇਜੀ: ਇੰਨ ਚੀਫ/ਮੁੱਖ ਇੰਜੀਨੀਅਰ/ਵਿਭਾਗਾਂ ਦੇ ਮੁੱਖੀ
ਪੀਐਸਪੀਸੀਐਲ ਅਤੇ ਪੀਐਸਟੀਸੀਐਲ।

ਮੀਮੋ ਨੰ : 2970/3004 / ਭਭ-1-423 ਮਿਤੀ : 04/04/2013

ਵਿਸ਼ਾ:- **ਪੀਐਸਪੀਸੀਐਲ ਅਤੇ ਪੀਐਸਟੀਸੀਐਲ ਦੀਆਂ ਵੱਖ-2 ਮੁਲਾਜ਼ਮ ਜਥੇਬੰਦੀਆਂ ਵੱਲੋਂ ਮਿਤੀ 17-4-13 ਨੂੰ ਇੱਕ ਰੋਜ਼ਾ ਹੜਤਾਲ ਕਰਨ ਬਾਰੇ ਨੋਟਿਸ।**

ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਜਿਸ ਵਿੱਚ ਪੀ.ਐਸ.ਈ.ਬੀ ਇੰਪ:ਫੈਡਰੇਸ਼ਨ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ) , ਟੀ.ਐਸ.ਯੂ., ਐਮ.ਐਸ.ਯੂ.,ਪੀ.ਐਸ.ਈ.ਬੀ. ਥਰਮਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਪੰਜਾਬ, ਪੰਜਾਬ ਰਾਜ ਬਿਜਲੀ ਮਜਦੂਰ ਸੰਘ, ਬਿਜਲੀ ਮੁਲਾਜਮ ਫਰੰਟ, ਵਰਕਰਜ਼ ਫੈਡਰੇਸ਼ਨ ਪੀਐਸਈਬੀ (ਇੰਟਕ) ਸ਼ਾਮਲ ਹਨ ਅਤੇ ਟੈਕਨੀਕਲ ਸਰਵਿਸਜ਼ ਯੂਨੀਅਨ (ਸੰਧੂ),ਪੀਐਸਈਬੀ ਇੰਪ:ਫੈਡਰੇਸ਼ਨ ਏਟਕ (ਪੰਜਾਬ) ਵਲੋਂ ਆਪਣੀਆਂ ਮੰਗਾਂ ਨੂੰ ਲੈਕੇ ਹੇਠ ਅਨੁਸਾਰ ਐਜੀਟੇਸ਼ਨ/ਹੜਤਾਲ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ:-

ਪ੍ਰੋਗਰਾਮ

| ਕ੍ਰਮ ਨੰ: | ਯੂਨੀਅਨ ਦਾ ਨਾਂ | ਮਿਤੀ | ਪ੍ਰੋਗਰਾਮ |
|---|---|---|---|
| 1. | ਪੀਐਸਈਬੀ ਇੰਪ: ਜੁਆਇੰਟ ਫੋਰਮ | 3-4-2013 ਤੋਂ 16-4-2013 ਤੱਕ | ਸੀਐਮਡੀ ਸਮੇਤ ਡਾਇਰੈਕਟਰਜ਼ ਵਿਰੁੱਧ ਉਨਾਂ ਦੇ ਫੀਲਡ ਦੌਰਿਆਂ ਦੌਰਾਨ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕੀਤੇ ਜਾਣਗੇ। |
| | | 17-4-2013 | ਇੱਕ ਰੋਜ਼ਾ ਹੜਤਾਲ। |
| 2. | ਹੈਡ ਆਫਿਸ ਇੰਪ:ਫੈਡਰੇਸ਼ਨ | 9-4-13 | ਸ਼ਕਤੀ ਸਦਨ ਵਿਖੇ ਰੈਲੀ।(ਦੁਪਿਹਰ 1.30 ਤੋਂ 2.00 ਵਜੇ ਤੱਕ) |
| | | 11-4-13 | ਸ਼ਕਤੀ ਵਿਹਾਰ ਵਿਖੇ ਰੈਲੀ। |
| | | 16-4-13 | ਹੈਡ ਆਫਿਸ ਵਿਖੇ ਰੈਲੀ। |
| | | 17-4-2013 | ਇੱਕ ਰੋਜ਼ਾ ਹੜਤਾਲ ਵਿਚ ਸ਼ਮੂਲੀਅਤ। |
| 3. | ਪੀਐਸਈਬੀ ਇੰਪ: ਫੈਡਰੇਸ਼ਨ ਏਟਕ ਪੰਜਾਬ | 20-3-13 ਤੋਂ 10-4-13 ਤੱਕ | ਡਵੀਜ਼ਨ ਪੱਧਰ ਤੇ ਧਰਨੇ। |
| | | 11-4-13 ਤੋਂ 16-4-13 ਤੱਕ | ਸਰਕਲ ਪੱਧਰ ਤੇ ਕਨਵੈਨਸ਼ਨਾਂ। |
| | | 17-4-2013 | ਇੱਕ ਰੋਜ਼ਾ ਹੜਤਾਲ। |
| 4. | ਟੈਕਨੀਕਲ ਸਰਵਿਸਜ਼ ਯੂਨੀਅਨ | 15-4-2013 | ਸਬ ਡਵੀਜ਼ਨਾਂ ਕਾਲੇ ਬਿੱਲੇ ਲਾਕੇ ਕਾਲੇ ਝੰਡੇ ਲਹਿਰਾਕੇ ਰੈਲੀਆਂ ਕਰਕੇ ਕਾਲਾ ਦਿਨ ਮਨਾਇਆ ਜਾਵੇਗਾ। |
| | | 17-4-2013 | ਇੱਕ ਰੋਜ਼ਾ ਹੜਤਾਲ। |
| | | | ਮਈ ਮਹੀਨੇ ਵਿਚ ਮੁੱਖ ਦਫਤਰ ਪਟਿਆਲਾ ਵਿਖੇ ਵਿਸ਼ਾਲ ਸੂਬਾਈ ਧਰਨਾ/ਮੁਜ਼ਾਹਰਾ ਕੀਤਾ ਜਾਵੇਗਾ। |

ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਜਰੂਰੀ ਹੈ ਕਿ ਮਿਤੀ 17-4-2013 ਦੀ ਹੜਤਾਲ ਦੌਰਾਨ ਬਿਜਲੀ ਦੀ ਸਪਲਾਈ ਅਤੇ ਹੋਰ ਦੂਸਰੇ ਕਾਰਜਾਂ ਦੇ ਪ੍ਰਬੰਧ ਨੂੰ ਯਕੀਨੀ ਬਣਾਉਣ ਲਈ ਹੇਠ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-

1. ਮੁੱਖ ਇੰਜੀਨਅਰ ਪੱਧਰ,ਸਰਕਲ ਪੱਧਰ ਅਤੇ ਮੰਡਲ ਪੱਧਰ ਤੇ ਕੰਟਰੋਲ ਰੂਮ ਸਥਾਪਤ ਕੀਤੇ ਜਾਣ ਜਿਹੜੇ ਦਿਨ ਰਾਤ ਕੰਮ ਕਰਨ।
2. ਸਾਰੇ ਮੁਲਾਜ਼ਮਾਂ ਨੂੰ ਸਦਰ ਮੁਕਾਮ ਤੇ ਰਹਿਣਾ ਚਾਹੀਦਾ ਹੈ ਅਤੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਹੈਡ ਕੁਆਟਰ ਨਾਂ ਛੱਡਿਆ ਜਾਵੇ।ਜੇਕਰ ਕੋਈ ਕਰਮਚਾਰੀ ਮੁੱਖ ਦਫਤਰ ਜਾਂ ਆਪਣੇ ਉੱਚ ਦਫਤਰ ਜਾਣਾ ਚਾਹੁੰਦਾ ਹੈ ਤਾਂ ਆਪਣੇ ਕੰਟਰੋਲਿੰਗ ਅਧਿਕਾਰੀ ਦੀ ਪ੍ਰਵਾਨਗੀ ਲੈਕੇ ਜਾਵੇ ਅਤੇ ਹੈਡ ਆਫਿਸ ਆਪਣਾ ਸ਼ਨਾਖਤੀ ਕਾਰਡ ਲੈਕੇ ਆਵੇ।
3. ਕੋਈ ਵੀ ਦਫਤਰ ਬੰਦ ਨਾਂ ਰੱਖਿਆ ਜਾਵੇ ਅਤੇ ਕੈਸ਼ ਕਾਊਂਟਰ ਖੋਲੇ ਜਾਣ।
4. ਵਫਾਦਾਰ ਅਧਿਕਾਰੀਆਂ/ਕਰਮਚਾਰੀਆਂ ਵਲੋਂ ਨਿਰਵਿਘਨ ਡਿਊਟੀ ਨਿਭਾਉਣ ਵਿਚ ਜੇਕਰ ਹੜਤਾਲਕਾਰ ਕੋਈ ਹੁਲੜਬਾਜੀ ਕਰਦੇ ਹਨ ਤਾਂ ਤੁਰੰਤ ਲੋਕਲ ਪੁਲਿਸ ਦੀ ਮਦਦ ਲਈ ਜਾਵੇ।
5. ਹੜਤਾਲ/ਧਰਨੇ ਵਾਲੇ ਦਿਨਾਂ ਦੀ ਕਰਮਚਾਰੀਆਂ ਨੂੰ ਸਿਵਾਏ ਮੈਡੀਕਲ ਅਧਾਰ ਤੇ ਕੋਈ ਛੁੱਟੀ ਨਾਂ ਦਿੱਤੀ ਜਾਵੇ।
6. ਜਿਹੜਾ ਕਰਮਚਾਰੀ ਹੜਤਾਲ/ਧਰਨੇ/ਰੈਲੀਆਂ/ਘਿਰਾਓ ਵਿਚ ਭਾਗ ਲੈਂਦਾ ਹੈ ਜਾਂ ਉਸ ਸਮੇਂ ਦੌਰਾਨ ਡਿਊਟੀ ਤੇ ਹਾਜਰ ਨਹੀਂ ਰਹਿੰਦਾ ਉਸਦੀ ਗੈਰ ਹਾਜ਼ਰੀ ਲਗਾਈ ਜਾਵੇ ਅਤੇ "ਕੰਮ ਨਹੀਂ ਤਨਖਾਹ ਨਹੀਂ"ਦੇ ਸਿਧਾਂਤ ਤਹਿਤ ਉਸ ਸਮੇਂ ਦੀ ਤਨਖਾਹ ਦੀ ਅਦਾਇਗੀ ਨਾਂ ਕੀਤੀ ਜਾਵੇ ਅਤੇ

ਬਰੇਕ ਇਨ ਸਰਵਿਸ ਪਾਕੇ ਉਸਦਾ ਇੰਦਰਾਜ਼ ਹੜਤਾਲੀ ਕਰਮਚਾਰੀ ਦੀ ਸਰਵਿਸ ਬੁੱਕ ਵਿਚ ਵੀ ਕੀਤਾ ਜਾਵੇ। ਜਿਹੜਾ ਕਰਮਚਾਰੀ ਹੜਤਾਲ ਵਾਲੇ ਦਿਨ 2 ਘੰਟੇ ਵੀ ਗੈਰ ਹਾਜ਼ਰ ਰਹਿੰਦਾਂ ਹੈ ਤਾਂ ਉਹ ਉਸ ਦਿਨ ਤਨਖਾਹ ਦੀ ਅਦਾਇਗੀ ਦਾ ਹੱਕਦਾਰ ਨਹੀਂ ਹੋਵੇਗਾ।

7. ਹੜਤਾਲੀ ਕਰਮਚਾਰੀ ਆਪਣੀ ਪਿਛਲੀ ਸੇਵਾ ਤੋਂ ਵਾਂਝਾ ਹੋ ਜਾਵੇਗਾ ਅਤੇ ਉਸਦੀ ਤਰੱਕੀ ਉਪਰ ਰੋਕ ਲੱਗ ਜਾਵੇਗੀ।
8. ਜਿਹੜੇ ਕਰਮਚਾਰੀ ਹੜਤਾਲ ਵਿਚ ਭਾਗ ਨਹੀਂ ਲੈਣਗੇ ਉਨਾਂ ਨੂੰ ਮੀਮੋ ਨੰ:8588 /9938/ ਭਭ-1-109 / ਏ ਮਿੱਤੀ 2-7-08 ਰਾਂਹੀ ਜਾਰੀ ਹਦਾਇਤਾਂ ਅਨੁਸਾਰ ਪ੍ਰਸੰਸਾ ਪੱਤਰ ਜਾਰੀ ਕੀਤੇ ਜਾਣਗੇ।
9. ਪਾਵਰਕਾਮ ਆਪਣੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਵਚਨਬੱਧ ਹੈ ਅਤੇ ਹੜਤਾਲਾਂ ਧਰਨੇ/ਘਿਰਾਉ ਆਦਿ ਕਰਨਾ ਇੱਕ ਅਨਫੇਅਰ ਲੇਬਰ ਪ੍ਰੈਕਟਿਸ ਹੈ ਇਸ ਲਈ Industrial Dispute Act. 1947 ਦੀ ਧਾਰਾ 25 ਯੂ ਤਹਿਤ ਘੇਰਾਉ ਆਦਿ ਕਰਨ ਵਾਲੇ ਕਾਮੇ ਨੂੰ 6 ਮਹੀਨੇ ਤੱਕ ਦੀ ਕੈਦ ਜਾਂ 1000 ਰੁਪਏ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆ ਹਨ।ਮਾਨਯੋਗ ਸਰਬਉੱਚ ਅਦਾਲਤ ਦੇ ਹੁਕਮਾਂ ਅਨੁਸਾਰ ਅਜਿਹੇ ਕੰਮ ਵਿਚ ਵਿਘਨ ਪਾਉਣ ਵਾਲੇ ਕਾਮਿਆਂ ਨੂੰ ਨੌਕਰੀ ਤੋਂ ਬਰਖਾਸਤ ਵੀ ਕੀਤਾ ਜਾ ਸਕਦਾ ਹੈ।
10. ਬੋਰਡ ਅੰਦਰ ਕੰਮ ਕਰਦੇ ਸਾਰੇ ਮੁਲਾਜ਼ਮਾਂ ਤੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 26-6-2002 ਅਨੁਸਾਰ ਐਸਮਾ-1947 ਲਾਗੂ ਹੈ ਜਿਸਦੇ ਤਹਿਤ 3 ਸਾਲ ਤੱਕ ਦੀ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ।
11. ਜਿਹੜੇ ਕਰਮਚਾਰੀ ਸਾਲ 20-3-14 ਦੌਰਾਨ ਰਿਟਾਇਰ ਹੋ ਰਹੇ ਹਨ ਜੇਕਰ ਉਹ ਹੜਤਾਲ ਵਿਚ ਹਿੱਸਾ ਲੈਂਦੇ ਹਨ ਉਹਨਾਂ ਦੇ ਸਾਰੇ ਪੈਨਸ਼ਨਰੀ ਲਾਭ ਰੁੱਕ ਜਾਣਗੇ।
12. ਬੋਰਡ ਵਲੋਂ ਠੇਕੇ ਤੇ ਭਰਤੀ ਕੀਤੇ,ਵਰਕਚਾਰਜ,ਡੇਲੀਵੇਜ਼ ਅਤੇ ਕੰਟੀਜੈਂਟ ਕਾਮੇ ਜੇਕਰ ਹੜਤਾਲ ਵਿਚ ਹਿੱਸਾ ਲੈਂਦੇ ਹਨ ਉਨਾਂ ਦੀਆਂ ਸੇਵਾਵਾਂ ਬਰਖਾਸਤ ਕੀਤੀਆਂ ਜਾ ਸਕਦੀਆਂ ਹਨ ਅਤੇ ਪਦਉਨਤ ਹੋਏ ਜਿਹੜੇ ਅਧਿਕਾਰੀ/ਕਰਮਚਾਰੀ ਅਜੇ ਪ੍ਰੋਬੇਸ਼ਨ ਅਧੀਨ ਹਨ ਉਹਨਾਂ ਦੀਆਂ ਤਰੱਕੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।
13. ਹੜਤਾਲ ਦੇ ਦਿਨ ਦੌਰਾਨ ਬਿਜਲੀ ਦੀ ਸਪਲਾਈ ਅਤੇ ਹੋਰ ਜ਼ਰੂਰੀ ਕਾਰਜਾਂ ਦੀਆਂ ਸੂਚਨਾਵਾਂ ਦੇ ਅਦਾਨ ਪ੍ਰਦਾਨ ਲਈ ਉਪ ਸਕੱਤਰ/ਜਨਰਲ ਦੀ ਦੇਖ-ਰੇਖ ਹੇਠ ਹੈਡ ਆਫਿਸ ਪਟਿਆਲਾ ਵਿਖੇ ਪਹਿਲਾਂ ਦੀ ਤਰਾਂ ਇੱਕ ਕੇਂਦਰੀ ਕੰਟਰੋਲ ਰੂਮ ਵੀ ਸਥਾਪਤ ਕੀਤਾ ਜਾਵੇਗਾ ਜਿਹੜਾ ਰਾਊਂਡ ਦਾ ਕਲਾਕ ਕੰਮ ਕਰੇਗਾ।ਇਸ ਕੰਟਰੋਲ ਰੂਮ ਦੇ ਟੈਲੀਫੂਨ ਨੰ: 0175-2220853 ਜਾਂ 854 ਅਤੇ 0175-2216424 ਹੋਣਗੇ।

**ਉਪਰੋਕਤ ਹਦਾਇਤਾਂ ਨੂੰ ਆਪਜੀ ਦੀ ਸੰਸਥਾ ਅਧੀਨ ਦਫਤਰਾਂ ਦੇ ਸਾਰੇ ਮੁਲਾਜ਼ਮਾਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ ਅਤੇ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।**

ਮੁੱਖ / ਪ੍ਰਬੰਧਕੀ,
ਪੀਐਸਪੀਸੀਐਲ,ਪਟਿਆਲਾ।

ਪਿੱਠ ਅੰਕਣ ਨੰ: 3005/3054 /ਭਭ-1-423 ਮਿਤੀ : 04/04/2013

ਉਪਰੋਕਤ ਦਾ ਉਤਾਰਾ ਨਿਮਨ ਦਰਸਾਏ ਅਧਿਕਾਰੀਆਂ ਨੂੰ ਸੂਚਨਾਂ ਅਤੇ ਅਗਲੇਰੀ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਏ.ਡੀ.ਜੀ.ਪੀ./ਵੀ. ਤੇ ਐਸ., ਪੀਐਸਪੀਸੀਐਲ,ਪਟਿਆਲਾ।
2. ਮੁੱਖ ਪੜਤਾਲਕਾਰ, ਪੀਐਸਪੀਸੀਐਲ,ਪਟਿਆਲਾ।
3. ਮੁੱਖ ਲੇਖਾ ਅਫਸਰ, ਪੀਐਸਪੀਸੀਐਲ,ਪਟਿਆਲਾ।
4. ਵਿਤ ਸਲਾਹਕਾਰ, ਪੀਐਸਪੀਸੀਐਲ,ਪਟਿਆਲਾ।
5. ਕਾਨੂਨੀ ਸਲਾਹਕਾਰ, ਪੀਐਸਪੀਸੀਐਲ,ਪਟਿਆਲਾ।
6. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕਤੱਰ, ਸਾਰੇ ਸ਼ਾਖਾ ਅਫਸਰ, ਭਾਗਾਂ ਦੇ ਮੁੱਖੀ (ਕਾਰਪੋਰੇਸ਼ਨ ਵਿੱਚ ਸਦਰ ਮੁਕਾਮ ਦਫਤਰਾਂ ਵਿੱਚ) ਉਪ ਸਕੱਤਰ ਟੂ ਸੀਐਮਡੀ/ਨਿੱਜੀ ਸਕੱਤਰ ਟੂ ਡਾਇਰੈਕਟਰਜ਼।

04/04/13
ਉਪ ਸਕੱਤਰ / ਸ਼ਿਕਾ: ਤੇ ਭਲਾਈ,
ਪੀਐਸਪੀਸੀਐਲ,ਪਟਿਆਲਾ।

ਸੀਸੀ

ਨਿਗ:ਇੰਜ:/ਆਈ.ਟੀ.,ਪੀਐਸਪੀਸੀਐਲ,ਹਦਾਇਤਾਂ ਵੈਬਸਾਈਟ ਤੇ ਪਾਉਣ ਹਿਤ।

ਨੋਟ:- ਹੜਤਾਲ ਵਿਚ ਹਿੱਸਾ ਲੈਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚਨਾ ਹੇਠਾਂ ਦਿੱਤੇ ਨਿਰਧਾਰਤ ਪ੍ਰੋਫਾਰਮੇ ਤੇ ਮੁੱਖ ਦਫਤਰ ਨਾਲ ਸਬੰਧਤ ਮੁੱਖ ਆਈ.ਆਰ.ਤੇ ਭਲਾਈ,ਪਟਿਆਲਾ ਨੂੰ ਭੇਜੀ ਜਾਵੇ ਅਤੇ ਖੇਤਰੀ ਦਫਤਰਾਂ ਨਾਲ ਸਬੰਧਤ ਸੂਚਨਾ ਕੇਂਦਰੀ ਕੰਟਰੋਲ ਰੂਮ ਪਟਿਆਲਾ ਨੂੰ ਭੇਜੀ ਜਾਵੇ ਜੀ।

| Sr.No | Name of the Organization | Posted Strength | Present | On Leave | On Strike | %age of Strike |
|---|---|---|---|---|---|---|
| | | | | | | |